# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਵਿੱਦਿਆ ਭਵਨ, ਈ ਬਲਾਕ, ਪੰਜਵੀ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ, ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.) (ਨੋਟਿਸ ਬੋਰਡ ਰਾਹੀਂ)
2. ਸਮੂਹ ਪ੍ਰਿੰਸੀਪਲ ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਨੋਟਿਸ ਬੋਰਡ ਰਾਹੀਂ
3. ਸਮੂਹ ਸਕੂਲ ਮੁੱਖੀ (ਵੈਬਸਾਇਟ ਰਾਹੀਂ)

ਮੀਮੋ ਨੰ. ਸਮੱਗਰਾ/ਪਲਾਨ/2024/139138 ਮਿਤੀ: 11.06.2024

**ਵਿਸ਼ਾ:** **ਸਕੂਲ ਸਿੱਖਿਆ ਸੰਸਥਾਵਾਂ ਵਿੱਚ 31 ਮਈ 2024 ਨੂੰ " World No Tobacco Day" ਮਨਾਉਣ ਸਬੰਧੀ।**

1.0 ਜਿਵੇਂ ਕਿ ਆਪ ਸਭ ਜਾਣਦੇ ਹੋ ਕਿ ਵਿਸ਼ਵ ਭਰ ਵਿੱਚ 31 ਮਈ ਨੂੰ " **World No Tobacco Day**" ਮਨਾਇਆ ਜਾਂਦਾ ਹੈ।

2.0 ਸਕੂਲ/ ਵਿਦਿਅਕ ਸੰਸਥਾਵਾਂ ਨੂੰ ਤੰਬਾਕੂ ਫਰੀ ਬਣਾਉਣ ਅਤੇ ਤੰਬਾਕੂ ਦੇ ਸੇਵਨ ਦੇ ਮਾੜੇ ਪ੍ਰਭਾਵਾਂ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਲਈ ਮਿਤੀ 31 ਮਈ 2024 ਨੂੰ ਸਕੂਲਾਂ ਵਿੱਚ **"World No Tobacco Day"** ਮਨਾਇਆ ਜਾਵੇ। ਜਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.) ਵੱਲੋਂ ਹੇਠ ਲਿਖੇ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ:-

I. ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਆਪਣੇ ਦਫ਼ਤਰ/ਸਕੂਲ ਦੇ ਅਮਲੇ ਨਾਲ ਮੀਟਿੰਗ ਕੀਤੀ ਜਾਵੇ ਅਤੇ ਸਮੂਹ ਅਮਲੇ ਨੂੰ ਕੋਟਪਾ ਐਕਟ ਐਕਟ 2003 ਦੀ ਧਾਰਾ 6 ਅਤੇ ਜੁਵੇਨਾਈਲ ਜ਼ਸਟਿਸ ਐਕਟ 2005 ਬਾਰੇ ਜਾਣੂ ਕਰਵਾਇਆ ਜਾਵੇ। (ਐਕਟਾਂ ਦਾ ਵਿਸਥਾਰ ਸਹਿਤ ਵੇਰਵਾ http:/pbhealth.gov.in/tobacco.html ਤੇ ਉਪਲੱਬਧ ਹੈ।

II. ਤੰਬਾਕੂ ਕੰਟਰੋਲ ਸਬੰਧੀ ਹਰ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ, ਹਰ ਸਿੱਖਿਆ ਤੇ ਸਿਖਲਾਈ ਸੰਸਥਾ ਤੇ ਹਰ ਸਕੂਲ ਵਿਖੇ ਤੰਬਾਕੂ ਕੰਟਰੋਲ ਐਕਟ ਦੀ ਪਾਲਣਾ ਹਿੱਤ ਇੱਕ ਨੋਡਲ ਅਫਸਰ ਨਿਯੁਕਤ ਕੀਤਾ ਜਾਵੇ ਅਤੇ ਉਸ ਦੇ ਨਾਮ ਤੇ ਸੰਪਰਕ ਨੰਬਰ ਵਿੱਦਿਅਕ ਸੰਸਥਾ/ਸਕੂਲ/ਦਫਤਰ ਦੀ ਬਾਹਰਲੀ ਦੀਵਾਰ ਤੇ ਪ੍ਰਦਰਸ਼ਿਤ ਕੀਤਾ ਜਾਵੇ।

III. ਹਰ ਸਕੂਲ/ਵਿਦਿਅਕ ਸੰਸਥਾ ਵਿਖੇ ਪਹਿਲਾਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੰਬਾਕੂ ਕੰਟਰੋਲ ਕਮੇਟੀ ਦਾ ਗਠਨ ਕੀਤਾ ਜਾਵੇ। ਕਮੇਟੀ ਵੱਲੋਂ ਇਹ ਚੈੱਕ ਕੀਤਾ ਜਾਵੇ ਕਿ ਸਕੂਲ/ਵਿਦਿਅਕ ਸੰਸਥਾਵਾਂ ਦੇ ਅੰਦਰ ਅਤੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਅਤੇ ਤੰਬਾਕੂ ਯੁਕਤ ਪਦਾਰਥ (ਗੁਟਕਾ, ਪਾਨ ਮਸਾਲਾ ਆਦਿ) ਦੀ ਵਿਕਰੀ ਤਾਂ ਨਹੀਂ ਹੋ ਰਹੀ ਹੈ। ਇਸ ਕਮੇਟੀ ਵੱਲੋਂ ਇਹ ਵੀ ਚੈੱਕ ਕੀਤਾ ਜਾਵੇ ਕਿ ਇਸ ਸਬੰਧੀ ਜਰੂਰੀ ਸੰਕੇਤ ਸਕੂਲ ਦੇ ਮੁੱਖ ਗੇਟ ਅਤੇ ਬਾਹਰੀ ਦਿਵਾਰਾਂ ਦੇ ਦਰਸਾਏ ਗਏ ਹਨ।

IV. ਜੇਕਰ ਵਿਦਿਅਕ ਸੰਸਥਾ ਦੇ 100 ਗਜ਼ ਦੇ ਘੇਰੇ ਅੰਦਰ ਕੋਈ ਵੀ ਤੰਬਾਕੂ ਉਤਪਾਦਾਂ ਦੀ ਵਿਕਰੀ ਪਾਈ ਜਾਂਦੀ ਹੈ, ਤਾਂ ਉਸ ਨੂੰ ਬੰਦ ਕਰਵਾਉਣ ਲਈ ਪੁਲਿਸ ਅਤੇ ਪੰਚਾਇਤ/ਮਿਉਸਿਪਲ ਕਮੇਟੀ ਦੀ ਮਦਦ ਲਈ ਜਾਵੇ।

V. ਹਰ ਸਕੂਲ/ਵਿਦਿਅਕ ਸੰਸਥਾ ਆਪਣੇ ਆਪ ਨੂੰ ਤੰਬਾਕੂ ਮੁਕਤ ਘੋਸ਼ਿਤ ਕਰੇ ਅਤੇ ਇਸ ਸਬੰਧ ਵਿੱਚ 'ਇਹ ਇਮਾਰਤ ਤੰਬਾਕੂ ਮੁਕਤ ਹੈ' ਦੇ ਪੋਸਟਰ ਸਕੂਲਾਂ ਵਿੱਚ ਲਗਾਏ ਜਾਣ (Annexure A)

VI. ਮਿਤੀ 27 ਤੋਂ 31 ਮਈ ਤੱਕ ਆਪਣੀ ਸੁਵਿਧਾ ਅਨੁਸਾਰ ਕਿਸੇ ਵੀ ਇੱਕ ਦਿਨ ਸਕੂਲ/ਵਿੱਦਿਅਕ ਸੰਸਥਾਵਾਂ ਵੱਲੋਂ ਤੰਬਾਕੂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਜਿਸ ਤਹਿਤ ਹਰ ਸਕੂਲ/ਵਿਦਿਅਕ ਸੰਸਥਾ ਵਿੱਚ ਸੈਮੀਨਾਰ, ਭਾਸ਼ਣ ਪ੍ਰਤੀਯੋਗਿਤਾ, ਕਵਿਤਾ ਤੇ ਲੇਖ ਪ੍ਰਤੀਯੋਗਿਤਾ, ਤੰਬਾਕੂ ਵਿਰੋਧੀ ਸਲੋਗਨ, ਪੇਟਿੰਗ, ਮੁਕਾਬਲੇ ਅਤੇ ਨਾਟਕ/ਨੁਕੜ ਨਾਟਕ ਆਦਿ ਕਰਵਾਏ ਜਾਣ ਅਤੇ ਸਥਾਨਕ ਲੋਕਾਂ ਨੂੰ ਜਾਗੂਰਕ ਕਰਨ ਲਈ ਰੈਲੀਆਂ ਵੀ ਕੱਢੀਆਂ ਜਾਣ।

VII. ਹਰ ਸਕੂਲ/ਵਿਦਿਅਕ ਸਸੰਥਾ ਵਿਖੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮਿਤੀ 31.05.2024 ਨੂੰ ਸਵੇਰੇ ਦੀ ਸਭਾ ਵਿੱਚ ਇਹ ਸੰਹੁ ਚੁੱਕੀ ਜਾਵੇ।

" ਮੈਂ ਵਾਅਦਾ ਕਰਦਾ/ਕਰਦੀ ਹਾਂ ਕਿ ਪੂਰੀ ਜਿੰਦਗੀ ਕਿਸੇ ਵੀ ਤਰ੍ਹਾਂ ਦੇ ਤੰਬਾਕੂ ਪਦਾਰਥ ਦੀ ਕਿਸੀ ਰੂਪ ਵਿੱਚ ਵਰਤੋਂ ਨਹੀਂ ਕਰਾਂਗਾ/ਕਰਾਂਗੀ। ਮੈਂ ਇਹ ਵੀ ਵਾਅਦਾ ਕਰਦਾ/ਕਰਦੀ ਹਾਂ ਕਿ ਜੇਕਰ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਜਾਂ ਰਿਸਤੇਦਾਰ ਅਤੇ ਮਿੱਤਰ ਕਿਸੇ ਵੀ ਰੂਪ ਵਿੱਚ ਤੰਬਾਕੂ ਦੀ ਵਰਤੋਂ ਕਰਦਾ/ਕਰਦੀ ਹੈ ਤਾਂ ਮੈਂ ਉਸ ਨੂੰ ਤੰਬਾਕੂ ਦੇ ਮਾੜੇ ਸੇਵਨ ਬਾਰੇ ਜਾਗਰੂਕ ਕਰਾਂਗਾ/ਕਰਾਂਗੀ ਅਤੇ ਉਸ ਦੀ ਇਹ ਆਦਤ ਛੁਡਵਾਉਣ ਵਿੱਚ ਉਸਦੀ ਮਦਦ ਕਰਾਂਗਾ/ਕਰਾਂਗੀ।'

3.0 ਜਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿੱ.) ਵੱਲੋਂ ਉਕਤ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਮੱਗਰਾ ਸਿੱਖਿਆ ਅਭਿਆਨ ਪੰਜਾਬ।**

Annexure-A

ਸਕੂਲ, ਕਾਲਜ ਅਤੇ ਹੋਰ ਵਿੱਦਿਅਕ ਸੰਸਥਾਵਾਂ ਦਾ ਬਾਹਰ ਲੱਗਣ ਯੋਗ ਸਾਈਨੇਜ ਬੋਰਡ:

# ਤੰਬਾਕੂ ਰਹਿਤ ਸੰਸਥਾ

ਇਸ ਸਕੂਲ / ਵਿੱਦਿਅਕ ਸੰਸਥਾ ਦੀ ਚਾਰ ਦੀਵਾਰੀ ਤੋਂ 100 ਗਜ਼
ਦੇ ਘੇਰੇ ਅੰਦਰ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦ ਵੇਚਣਾ
ਸਜ਼ਾਯੋਗ ਅਪਰਾਧ ਹੈ। ਇਸ ਦੀ ਉਲੰਘਣਾ ਕਰਨ ਵਾਲੇ ਨੂੰ
200/- ਤੱਕ ਜੁਰਮਾਨਾ ਹੋ ਸਕਦਾ ਹੈ।

20

Annexure B

## Section 4 Signage

| Design of the signage | Specification of the board |
|---|---|
|  **No Smoking Area – Smoking Here is an Offence** | 1. The board shall be of a minimum size of 60 cm by 30 cm of white background<br>2. it shall contain a circle of no less than 15 cm outer diameter with a red perimeter of no less than 3 cm wide with a picture, in the centre, of a cigarette or beedi with black smoke and crossed by a red band<br>3. The width of the red band across the cigarette shall equal the width of the red perimeter<br>4. The board shall contain the warning "No Smoking Area – Smoking Here is an Offence", in English or one Indian language, as applicable. |

Annexure - C


ਮਾਂ ਮੈਨੂੰ ਦੁੱਧ ਨਾਲ ਤੰਬਾਕੂ ਦਾ ਧੂਆਂ ਨਾ ਪਿਲਾਓ
Mamma! Don't feed me with Smoke!
Give your Child Smoke Free Present, Healthy Future!
ਨੈਸ਼ਨਲ ਹੈਲਥ ਮਿਸ਼ਨ
(ਤੰਬਾਕੂ ਕੰਟਰੋਲ ਸੈਲ)
ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ


ਪੈਸਿਵ ਸਮੋਕਿੰਗ-
ਤੰਬਾਕੂਨੋਸ਼ੀ ਦੇ ਧੂਏਂ ਨਾਲ
ਤੰਬਾਕੂ ਨਾ ਪੀਣ ਵਾਲਿਆਂ ਨੂੰ ਵੀ ਉਤਨਾ ਹੀ ਨੁਕਸਾਨ
ਹੁੰਦਾ ਹੈ ਜਿਤਨਾ ਤੰਬਾਕੂਨੋਸ਼ੀ ਕਰਨ ਵਾਲਿਆ ਨੂੰ ਹੁੰਦਾ ਹੈ।
ਨੈਸ਼ਨਲ ਹੈਲਥ ਮਿਸ਼ਨ
(ਤੰਬਾਕੂ ਕੰਟਰੋਲ ਸੈਲ)
ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ


ਤੰਬਾਕੂ ਨਾਲ ਹੋਣ ਵਾਲੀਆਂ ਪ੍ਰਮੁੱਖ ਬਿਮਾਰੀਆਂ :
ਕੈਂਸਰ
ਚਿਰਕਾਲਿਕ ਰੋਗ
ਅਧਿਘਾਤ
ਮੂੰਹ ਦਾ ਕੈਂਸਰ
ਕੋਰੋਨਰੀ ਦਿਲ ਰੋਗ
ਨਿਮੋਨੀਆ
ਫੇਫੜੇ ਦਾ ਕੈਂਸਰ
ਚਿਰਕਾਲਿਕ ਅਵਰੁੱਧ ਪਲਮੋਨਰੀ ਰੋਗਾਂ, ਦਮਾਂ ਅਤੇ ਵਸਨ ਸਬੰਧੀ ਹੋਰ ਪ੍ਰਭਾਵ
ਜਿਆਦਾ ਜੋਖਮ ਰੋਗ
• ਚਿਰਕਾਲਿਕ ਸਵਸ਼ਨ ਸਬੰਧੀ ਰੋਗ, ਦਮਾਂ ਅਤੇ ਵਾਰ-ਵਾਰ ਛਾਤੀ ਵਿੱਚ ਇਨਫੈਕਸ਼ਨ
• ਕੋਰੋਨਰੀ ਦਿਲ ਰੋਗ
• ਫੇਫੜੇ ਦਾ ਕੈਂਸਰ
ਨਿਪੁੰਨਸੁਕਤਾ
ਔਰਤਾਂ ਦੇ ਸਿਹਤ ਤੇ ਪੈਣ ਵਾਲੇ ਪ੍ਰਭਾਵ
• ਪ੍ਰਜਣਨਤਾ ਵਿੱਚ ਕਮੀ
• ਵਾਰ-ਵਾਰ ਗਰਭਪਾਤ,
• ਨਵਜੰਮੇ ਬੱਚੇ ਦਾ ਜਨਮ ਸਮੇਂ ਘੱਟਵਜ਼ਨ, ਮਰੇ ਬੱਚੇ ਦਾ ਜਨਮ,
• ਗੁਪਤ ਅੰਗ ਦਾ ਕੈਂਸਰ
ਸਮੋਕਰ ਗੈਂਗਰਿਨ
ਫੇਫੜੇ ਦਾ ਕੈਂਸਰ


ਸੈਕਿੰਡ ਹੈਂਡ ਸਮੋਕਿੰਗ ਨਾਲ ਹੋਣ ਵਾਲੀਆਂ ਬਿਮਾਰੀਆਂ
ਬੱਚੇ
ਵਿਅਕਤੀ
ਮੱਧਿਆਕਰਨ ਰੋਗ ਫਸਨੀਆ ਰੋਗ
ਫੇਫੜੇ ਦੀ ਕੰਮ ਕਰਨ ਦੀ ਗਤੀ ਘੱਟ ਹੋਣਾ
ਦਮਾਂ
ਬੱਚੇ ਦੀ ਅਚਾਨਕ ਮੌਤ ਐਸ.ਆਈ.ਡੀ. ਐਸ
ਅਧਿਘਾਤ
ਕੋਰੋਨਰੀ ਦਿਲ ਰੋਗ
ਫੇਫੜੇ ਦਾ ਕੈਂਸਰ
ਚਿਰਕਾਲਿਕ ਸਵਸ਼ਨ ਸਬੰਧੀ ਰੋਗ, ਦਮਾਂ ਅਤੇ ਵਾਰ-ਵਾਰ ਛਾਤੀ ਵਿੱਚ ਇਨਫੈਕਸ਼ਨ
ਜ਼ਿਆਦਾ ਜੋਖਮ ਵਾਲੇ ਰੋਗ
• ਚਿਰਕਾਲਿਕ ਸਵਸ਼ਨ ਸਬੰਧੀ ਰੋਗ, ਦਮਾਂ ਅਤੇ ਵਾਰ-ਵਾਰ ਛਾਤੀ ਵਿੱਚ ਇਨਫੈਕਸ਼ਨ
• ਕੋਰੋਨਰੀ ਦਿਲ ਰੋਗ
• ਫੇਫੜੇ ਦਾ ਕੈਂਸਰ
• ਐਸ.ਆਈ.ਡੀ. ਐਸ
ਔਰਤਾਂ ਦੇ ਸਿਹਤ ਤੇ ਪੈਣ ਵਾਲੇ ਪ੍ਰਭਾਵ
• ਪ੍ਰਜਣਨਤਾ ਵਿੱਚ ਕਮੀ
• ਵਾਰ-ਵਾਰ ਗਰਭਪਾਤ, ਨਵਜੰਮੇ ਬੱਚੇ ਦਾ ਜਨਮ ਸਮੇਂ ਘੱਟ ਵਜ਼ਨ, ਮਰੇ ਬੱਚੇ ਦਾ ਜਨਮ, ਗੁਪਤ ਅੰਗ ਦਾ ਕੈਂਸਰ

## Section 6(a) Signage:- to be displayed at all Points of Sale

1. The Board shall be of a minimum size of 60 cm by 30cm of white back ground.
2. The Board shall contain the warning "sale of tobacco products to a person below the age of eighteen years is a punishable offence", in Indian language (s) as applicable and a pictorial depiction of the ill effects of tobacco use on health







## Section 6(b) Signage:-

**तम्बाकू मुक्त शिक्षण संस्थान**

*इस शिक्षण के 100 गज (300 फुट) के दायरे में किसी भी तरह के तम्बाकू उत्पाद बेचना कानूनन (कोटपा, 2003 की धारा 6 बी० के अंतर्गत) अपराध है।*

*(उल्लंघनकर्ता को रू० 200/- (दो सौ रू०) तक का जुर्माना किया जायेगा)*

*आदेशानुसार*

शिक्षण संस्थान के मुख्य का नाम ...............................................................

शिक्षण संस्थान का नाम ...............................................................